6

# ਕਲੀਸੀਆ ਜਿਹੜੀ ਯਿਸੂ ਨੇ ਬਣਾਈ

ਰਸੂਲਾਂ ਦੇ ਕੰਮ 2 ਅਧਿਅਇ ਤੋਂ ਅਸੀਂ ਸਿੱਖਿਆ ਸੀ ਕਿ ਬਪਸਿਤਮਾ ਲੈਣ ਵਾਲੇ ਨੂੰ ਪ੍ਰਭੂ ਆਪਣੀ ਕਲੀਸੀਆ ਵਿਚ ਮਿਲਾ ਲੈਂਦਾ ਹੈ। ਇਕ ਹੋਰ ਆਇਤ 1 ਕੁਰਿੰਥੀਆਂ 12:13 ਇਹੀ ਸੱਚਾਈ ਦੱਸਦੀ ਹੈ ਕਿ ''ਅਸਾਂ ਸਭਨਾਂ ਨੂੰ ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ।'' ਜਿਵੇਂ ਕਿ ਅਸੀਂ ਵੇਖਾਂਗੇ, ''ਸਰੀਰ'' ਸ਼ਬਦ ਕਲੀਸੀਆ ਨੂੰ ਦਰਸਾਉਣ ਲਈ ਵਰਤਿਆ ਗਿਆ ਹੈ।

ਕਲੀਸੀਆ ਅਸਲ 'ਚ ਕੀ ਹੈ? ਬਹੁਤ ਸਾਰੇ ਲੋਕ ਜਦ ''ਕਲੀਸੀਆ'' ਜਾਂ ਚਰਚ ਸ਼ਬਦ ਸੁਣਦੇ ਹਨ ਤਾਂ ਉਨ੍ਹਾਂ ਨੂੰ ਲਗਦਾ ਹੈ ਕਿ ਇਹ ਕੋਈ ਡਿਨੋਮਿਨੇਸ਼ਨ ਜਾਂ ਇਮਾਰਤ ਹੈ। ਕਲੀਸੀਆ ਦੇ ਅਧਿਐਨ ਸਮੇਂ ਕੋਸ਼ਿਸ਼ ਕਰੋ ਕਿ ਇਨਸਾਨ ਦੁਆਰਾ ਬਣਾਏ ਧਾਰਮਿਕ ਸੰਗਠਨਾਂ ਨੂੰ ਦਿਮਾਗ਼ 'ਚੋਂ ਬਾਹਰ ਰੱਖੋ। ਅਸੀਂ ਉਸ ਕਲੀਸੀਆ ਤੇ ਹੀ ਧਿਆਨ ਲਾਉਣਾ ਚਾਹੁੰਦੇ ਹਾਂ ਜਿਹਨੂੰ ਯਿਸੂ ਨੇ ਬਣਾਇਆ ਸੀ (ਮੱਤੀ 16:18)।

## ''ਕਲੀਸੀਆ'' ਸ਼ਬਦ ਦਾ ਕੀ ਅਰਥ ਹੈ?

''ਕਲੀਸੀਆ'' ਸ਼ਬਦ ਯੂਨਾਨੀ ਭਾਸ਼ਾ ਦੇ *ਏੱਕਲੀਸਿਆ* (ekklesia) ਤੋਂ ਲਿਆ ਗਿਆ ਹੈ। [ਇਹਦਾ ਪ੍ਰਚੱਲਿਤ ਅੰਗ੍ਰੇਜ਼ੀ ਸ਼ਬਦ 'ਚਰਚ' ਹੈ ਜਿਹਨੂੰ ਗਲਤੀ ਨਾਲ 'ਗਿਰਜਾ' ਅਨੁਵਾਦ ਕੀਤਾ ਜਾਂਦਾ ਹੈ- ਅਨੁਵਾਦਕ।] *ਏੱਕਲੇਸੀਆ* ਇਕ ਯੂਨਾਨੀ ਮਿਸ਼ਰਤ ਸ਼ਬਦ ਹੈ ਜਿਹੜਾ ''ਬੁਲਾਉਣਾ'' (*kaleo*) ਲਈ ਸ਼ਬਦ ਦੇ ਨਾਲ ''ਬਾਹਰ'' ਜਾਂ ''ਵਿੱਚੋਂ'' (ek) ਪੂਰਵ-ਸਰਗ ਦੇ ਮੇਲ ਨਾਲ ਬਣਦਾ ਹੈ। *ਇੱਕਲੇਸੀਆ* ਦਾ ਮੂਲ ਅਰਥ ਹੈ ''ਵਿੱਚੋਂ ਬੁਲਾਏ ਹੋਏ।'' ਇਸ ਸ਼ਬਦ ਦੀ ਵਰਤੋਂ ਆਮ ਤੌਰ ਤੇ ਲੋਕਾਂ ਦੀ ਕਿਸੇ ਸਭਾ ਲਈ ਕੀਤੀ ਜਾਂਦੀ ਸੀ,[1] ਪਰ ਯਿਸੂ ਨੇ ਇਸ ਨੂੰ ਇਕ ਖ਼ਾਸ ਸ਼ਬਦ ਬਣਾ ਦਿੱਤਾ। ਯਿਸੂ ਦੁਆਰਾ ਬਣਾਈ ਕਲੀਸੀਆ ਦੇ ਨਾਮ ਲਈ ਵਰਤੇ ਜਾਣ ਤੇ ਇਸ ਸ਼ਬਦ ਨੂੰ ਸੰਸਾਰ ''ਵਿੱਚੋਂ ਬੁਲਾਏ'' ਹੋਇਆਂ ਅਤੇ ਯਿਸੂ ਨਾਲ ਨਵੇਂ ਸਬੰਧ ਵਿਚ ਸੱਦੇ ਹੋਇਆਂ ਲਈ ਵਰਤਿਆ ਜਾਣ ਲੱਗਾ।[2]

ਨਵੇਂ ਨੇਮ ਵਿਚ ''ਕਲੀਸੀਆ'' ਸ਼ਬਦ ਦੀ ਵਰਤੋਂ ਘੱਟੋ-ਘੱਟ ਤਿੰਨ ਅਰਥਾਂ ਵਿਚ ਹੋਈ ਹੈ:

- ''ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ'' (ਮੱਤੀ 16:8) ਕਹਿ ਕੇ ਯਿਸੂ ਨੇ ਇਸ ਸ਼ਬਦ ਦੀ ਵਰਤੋਂ *ਵਿਸ਼ਵਵਿਆਪੀ* ਅਰਥ ਵਿਚ ਕੀਤੀ। ਕਲੀਸੀਆ

ਨੂੰ ਵਿਸ਼ਵਵਿਆਪੀ ਅਰਥ ਵਿਚ ਦੱਸਣ ਲਈ, ਹਮੇਸ਼ਾ ਇਕ ਵਚਨ ਦੀ ਵਰਤੋਂ ਹੁੰਦੀ ਹੈ, ਕਿਉਂਕਿ ਇਹ ਇੱਕੋ ਹੀ ਹੈ।[3] ਇਹ ਉਹ ਕਲੀਸੀਆ ਹੈ ਜਿਸ ਵਿਚ ਪ੍ਰਭੂ ਬਪਤਿਸਮਾ ਲੈਣ ਵਾਲੇ ਲੋਕਾਂ ਨੂੰ ਰਲਾਉਂਦਾ ਹੈ।

- *ਏੱਕਲੇਸੀਆ* ਦੀ ਵਰਤੋਂ ਕਿਸੇ ਸਥਾਨਕ ਮੰਡਲੀ ਬਾਰੇ ਦੱਸਣ ਲਈ *ਸਥਾਨਕ* ਅਰਥ ਵਿਚ ਕੀਤੀ ਜਾਂਦੀ ਹੈ। ਇਸੇ ਲਈ ਅਸੀਂ ''ਗਲਾਤੀਆ ਦੀਆਂ ਕਲੀਸੀਆਵਾਂ'' ਅਤੇ ''ਅਸਿਯਾ ਦੀਆਂ ਕਲੀਸੀਆਵਾਂ'' ਬਾਰੇ ਪੜ੍ਹਦੇ ਹਾਂ (1 ਕੁਰਿੰਥੀਆਂ 16:1, 19)। ਬਪਤਿਸਮਾ ਲੈਣ ਸਮੇਂ ਆਦਮੀ, ਵਿਸ਼ਵਵਿਆਪੀ ਕਲੀਸੀਆ ਦਾ ਮੈਂਬਰ ਬਣ ਜਾਂਦਾ ਹੈ: ਪਰ ਉਹਦੇ ਲਈ ਸਥਾਨਕ ਮੰਡਲੀ ਦੇ ਅੰਗ ਦੇ ਰੂਪ ਵਿਚ ਕੰਮ ਕਰਨਾ ਅਤੇ ਬੰਦਗੀ ਕਰਨਾ ਵੀ ਜ਼ਰੂਰੀ ਹੁੰਦਾ ਹੈ।[4]
- ਨਵੇਂ ਨੇਮ ਵਿਚ ਕਿਤੇ ਕਿਤੇ ਕਲੀਸੀਆ ਨੂੰ *ਸਭਾ* ਵੀ ਕਿਹਾ ਗਿਆ ਹੈ। ਮਸੀਹੀ ਲੋਕ ਬੰਦਗੀ ਕਰਨ ਦੇ ਮਕਸਦ ਨਾਲ ਇਕ ਥਾਂ ਇਕੱਠੇ ਹੁੰਦੇ ਸਨ।[5] ਮਿਸਾਲ ਦੇ ਤੌਰ ਤੇ, 1 ਕੁਰਿੰਥੀਆਂ 14:19 ਵਿਚ ''ਕਲੀਸੀਆ ਵਿਚ'' ਸਿਖਾਉਣ ਦੀ ਗੱਲ ਕਰਕੇ ਪੌਲੁਸ ਸਭਾ ਨੂੰ ਸਿਖਾਉਣ ਦੀ ਗੱਲ ਕਰ ਰਿਹਾ ਸੀ (ਇਸ ਅਧਿਆਇ ਦੀ ਆਇਤ 23 ਪੜ੍ਹੋ; 1 ਕੁਰਿੰਥੀਆਂ 11:18 ਵੀ ਵੇਖੋ।)

## ਕਲੀਸੀਆ ਕੀ ਹੈ?

ਆਮ ਤੌਰ ਤੇ ਲੋਕ ਅੰਗ੍ਰੇਜ਼ੀ ਦੇ ਸ਼ਬਦ ਚਰਚ ਨੂੰ ਇਕ ਇਮਾਰਤ ਯਾਨੀ ਗਿਰਜਾ ਸਮਝ ਕੇ ਕਹਿੰਦੇ ਹਨ ਕਿ ''ਉਹ ਚਰਚ ਹੈ,'' ਜਾਂ ''ਉਹ ਮੇਰੀ ਕਲੀਸੀਆ ਹੈ।'' ਜੋ ਕੁਝ ਹੁਣ ਤਕ ਅਸੀਂ ਕਿਹਾ ਹੈ ਉਸ ਤੋਂ ਇਹ ਸਾਫ਼ ਹੋ ਜਾਣਾ ਚਾਹੀਦਾ ਹੈ ਕਿ ਚਰਚ ਇੱਟਾਂ ਜਾਂ ਪੱਥਰਾਂ ਦੀ ਬਣੀ ਇਮਾਰਤ ਨਹੀਂ ਹੈ।[6] ਕਿਸੇ ਨੇ ਕਿਹਾ ਹੈ, ''ਚਰਚ ਕਦੇ ਵੀ ਇਕ ਥਾਂ ਨਹੀਂ, ਸਗੋਂ ਹਮੇਸ਼ਾ ਇਕ ਲੋਕ ਹਨ।''

ਆਪਣੇ ਅਧਿਐਨ ਵਿਚ ਮੈਂ ਜ਼ਿਆਦਾਤਰ ''ਕਲੀਸੀਆ'' ਸ਼ਬਦ ਦੀ ਵਰਤੋਂ ਕਰਾਂਗਾ। ਅਜਿਹਾ ਕਰਦਿਆਂ ਮੇਰੇ ਦਿਮਾਗ ਵਿਚ ਉਹੀ ਲੋਕ ਹੋਣਗੇ *ਜੋ ਯਿਸੂ ਦੇ ਲਹੂ ਰਾਹੀਂ ਬਚਾਏ ਗਏ* ਹਨ।

ਕਲੀਸੀਆ (ਜਾਂ ਚਰਚ) = ਬਚਾਏ ਹੋਏ

ਕਈ ਲੋਕਾਂ ਦਾ ਮੰਨਣਾ ਹੈ ਕਿ ਉਹ ਬਚਾਏ ਹੋਏ ਹਨ ਭਾਵੇਂ ਉਹ ਦਾਅਵਾ ਕਰਦੇ ਹਨ ਕਿ ਉਹ ਕਿਸੇ ਕਲੀਸੀਆ ਦੇ ਮੈਂਬਰ ਨਹੀਂ ਹਨ। ਜੇ ਉਹ ਬਚਾਏ ਗਏ ਹਨ, ਤਾਂ ਉਹ ਕਲੀਸੀਆ ਦੇ ਮੈਂਬਰ ਹਨ- ਕਿਉਂਕਿ ਜਿਵੇਂ ਅਸੀਂ ਵੇਖਿਆ ਹੈ ਕਿ ਪ੍ਰਭੂ ਬਚਾਏ ਹੋਇਆਂ ਨੂੰ ਕਲੀਸੀਆ ਵਿਚ ਰਲਾਉਂਦਾ ਹੈ (ਰਸੂਲਾਂ ਦੇ ਕੰਮ 2:47;KJV)।[7] ਪ੍ਰਭੂ ਬਚਾਏ ਹੋਏ ਸਭ ਲੋਕਾਂ ਨੂੰ ਕਲੀਸੀਆ ਵਿਚ ਰਲਾਉਂਦਾ ਹੈ, ਇਸ ਲਈ ਬਚਾਇਆ ਹੋਇਆ ਕੋਈ ਵੀ ਸ਼ਖ਼ਸ ਕਲੀਸੀਆ ਤੋਂ ਬਾਹਰ ਨਹੀਂ ਹੈ।

ਪੂਰੇ ਨਵੇਂ ਨੇਮ ਵਿਚ ਇਹ ਹਕੀਕਤ ਦੱਸੀ ਗਈ ਹੈ। ਪੌਲੁਸ ਨੇ ਐਲਡਰਾਂ ਦੇ ਇਕ ਸਮੂਹ ਨੂੰ ਕਿਹਾ ਸੀ ਕਿ ''ਪ੍ਰਮੇਸ਼ਵਰ ਦੀ ਕਲੀਸੀਆ[8] ਦੀ ਚਰਵਾਹੀ ਕਰੋ ਜਿਹਨੂੰ ਉਸ ਨੇ ਆਪਣੇ ਹੀ

ਲਹੂ ਨਾਲ ਮੁੱਲ ਲਿਆ ਹੈ'' (ਰਸੂਲਾਂ ਦੇ ਕੰਮ 20:28)। ਮਸੀਹ ਸਭ ਲਈ ਮਰਿਆ (2 ਕੁਰਿੰਥੀਆਂ 5:14, 15), ਪਰ ਉਹਦੀ ਮੌਤ ਦਾ ਲਾਭ ਪਾਉਣ ਵਾਲੇ ਸਿਰਫ਼ ਉਹੀ ਲੋਕ ਹਨ ਜਿਹੜੇ ਉਹਦੇ ਸਾਹਮਣੇ ਝੁਕ ਜਾਂਦੇ ਹਨ। ਦੂਜੇ ਸ਼ਬਦਾਂ ਵਿਚ, ਕਲੀਸੀਆ ਵਿਚ ਸਿਰਫ਼ ਉਹੀ ਲੋਕ ਹਨ ਜਿਨ੍ਹਾਂ ਨੂੰ ਉਹਨੇ ਸੱਚਮੁੱਚ ਆਪਣੇ ਲਹੂ ਨਾਲ ''ਮੁੱਲ ਲਿਆ ਹੈ।''

ਅਫ਼ਸੀਆਂ 5:23, 25 ਵਿਚ ਪੌਲੁਸ ਨੇ ਲਿਖਿਆ ਹੈ, ''ਮਸੀਹ ਵੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ।... ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ।'' ਮੈਂ ਅਤੇ ਤੁਸੀਂ ਬਚਾਏ ਜਾਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਉਸ ਦਾ ਭਾਗ ਹੋਣਾ ਜ਼ਰੂਰੀ ਹੈ ਜਿਸ ਨੂੰ ਮਸੀਹ ਪਿਆਰ ਕਰਦਾ ਹੈ।

## ਲੋਕਾਂ ਨੂੰ ਕੀ ਕਿਹਾ ਜਾਂਦਾ ਹੈ?

ਨਵੇਂ ਨੇਮ ਵਿਚ, ਪ੍ਰਮੇਸ਼ਵਰ ਦੇ ਲੋਕਾਂ ਨੂੰ ਆਮ ਤੌਰ ਤੇ ''ਕਲੀਸੀਆ'' ਕਹਿ ਕੇ ਪੁਕਾਰਿਆ ਜਾਂਦਾ ਹੈ, ਪਰ ਹੋਰ ਸ਼ਬਦਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ।[9] ਹਰ ਸ਼ਬਦ ਤੋਂ ਕਲੀਸੀਆ ਨੂੰ ਸਮਝਣ ਵਿਚ ਮਦਦ ਮਿਲਦੀ ਹੈ।

### ਦੇਹ

ਕਲੀਸੀਆ ਨੂੰ ਕਿਤੇ-ਕਿਤੇ ਕਈ ਵਾਰ ''ਦੇਹ'' ਕਿਹਾ ਗਿਆ ਹੈ। ਅਫ਼ਸੀਆਂ 1:22, 23 ਵਿਚ ਪੌਲੁਸ ਨੇ ਕਿਹਾ ਕਿ ਪ੍ਰਮੇਸ਼ਵਰ ਨੇ ''ਉਸ [ਭਾਵ ਮਸੀਹ] ਨੂੰ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ *ਕਲੀਸੀਆ* ਲਈ ਦੇ ਦਿੱਤਾ। *ਇਹ ਉਸਦੀ ਦੇਹ ਹੈ* ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ।''

ਕਲੀਸੀਆ = ਦੇਹ

ਕੁਲੁੱਸੀਆਂ 1:18 ਵਿਚ ਪੌਲੁਸ ਨੇ ਲਿਖਿਆ ਹੈ ਕਿ ਮਸੀਹ ''*ਦੇਹੀ* ਦਾ *ਅਰਥਾਤ ਕਲੀਸੀਆ* ਦਾ ਸਿਰ ਹੈ।''

ਦੇਹੀ = ਕਲੀਸੀਆ

''ਦੇਹ'' ਸ਼ਬਦ ਤੋਂ ਸਾਨੂੰ ਪਤਾ ਲਗਦਾ ਹੈ ਕਿ ਕਲੀਸੀਆ ਕਈ ਤਰ੍ਹਾਂ ਨਾਲ ਮਨੁੱਖੀ ਦੇਹ ਵਾਂਗ ਹੈ। ਮਸੀਹ ਦੇਹ ਦਾ ਸਿਰ ਹੈ (ਅਫ਼ਸੀਆਂ 1:22, 23; ਕੁਲੁੱਸੀਆਂ 1:18), ਅਤੇ ਮਸੀਹੀ ਲੋਕ ਦੇਹ ਦੇ ਵੱਖੋ-ਵੱਖ ਅੰਗ ਹਨ (ਰੋਮੀਆਂ 12:4, 5; 1 ਕੁਰਿੰਥੀਆਂ 12:12, 18-27)। ਮਨੁੱਖੀ ਦੇਹ ਵਿਚ ਕਈ ਅੰਗ ਹੁੰਦੇ ਹਨ (ਬਾਂਹਾਂ, ਲੱਤਾਂ, ਹੱਥ ਅਤੇ ਹੋਰ ਅੰਗ), ਹਰ ਅੰਗ ਦਾ ਆਪੋ ਆਪਣਾ ਕੰਮ ਹੁੰਦਾ ਹੈ। ਇਸੇ ਤਰ੍ਹਾਂ ਮਸੀਹ ਦੀ ਦੇਹ ਦੇ ਬਹੁਤ ਸਾਰੇ ਅੰਗ ਹਨ, ਸਭ ਦਾ ਖ਼ਾਸ ਅਤੇ ਆਪੋ ਆਪਣਾ ਮਹੱਤਵ ਹੈ।

**ਰਾਜ**

ਕਲੀਸੀਆ ਨੂੰ ''ਰਾਜ'' ਵੀ ਕਿਹਾ ਗਿਆ ਹੈ। ਯਿਸੂ ਨੇ ਇਹ ਕਹਿਣ ਦੇ ਬਾਅਦ ਕਿ ''ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ,'' ਪਤਰਸ ਨੂੰ ਦੱਸਿਆ ਕਿ ''ਮੈਂ ਸਵਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ''[10] (ਮੱਤੀ 16:18, 19ੳ)। ਯਿਸੂ ਨੇ ''ਕਲੀਸੀਆ'' ਅਤੇ ''ਰਾਜ'' ਸ਼ਬਦਾਂ ਨੂੰ ਅਦਲ-ਬਦਲ ਕੇ ਇਕ ਦੂਜੇ ਦੇ ਥਾਂ ਵਰਤਿਆ ਸੀ।

ਕਲੀਸੀਆ = ਰਾਜ

ਪੌਲੁਸ ਨੇ ਕੁਲੁੱਸੇ ਦੀ ਕਲੀਸੀਆ ਨੂੰ ਦੱਸਿਆ ਕਿ ਪ੍ਰਮੇਸ਼ਵਰ ਨੇ ''ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ'' (ਕੁਲੁੱਸੀਆਂ 1:13)।

''ਰਾਜ'' ਸ਼ਬਦ ਤੋਂ ਸਾਨੂੰ ਪਤਾ ਲਗਦਾ ਹੈ ਕਿ ਜੋ ਲੋਕ ਕਲੀਸੀਆ ਵਿਚ ਹਨ, ਉਹ ਯਿਸੂ ਰਾਜੇ ਦੀ ਪਰਜਾ ਹਨ। ਯਿਸੂ ਇਸ ਵਕਤ ਸਵਰਗ ਵਿਚ ਆਪਣੇ ਸਿੰਘਾਸਣ ਤੇ ਬੈਠ ਕੇ ਰਾਜ ਕਰ ਰਿਹਾ ਹੈ (ਰਸੂਲਾਂ ਦੇ ਕੰਮ 2:29-36) ਅਤੇ ''ਜਿੰਨਾ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਓਨਾ ਚਿਰ ਉਸ ਨੇ ਰਾਜ ਕਰਨਾ ਹੈ। ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ'' (1 ਕੁਰਿੰਥੀਆਂ 15:25, 26)।

**ਪਰਿਵਾਰ**

ਕਲੀਸੀਆ ਲਈ ਮੇਰੇ ਪਸੰਦੀਦਾ ਸ਼ਬਦਾਂ ਵਿੱਚੋਂ ਇਕ ਹੈ ਪ੍ਰਮੇਸ਼ਵਰ ਦਾ ''ਪਰਿਵਾਰ।'' ਪੌਲੁਸ ਨੇ ਤਿਮੋਥਿਉਸ ਨੂੰ ਦੱਸਿਆ ਸੀ ਕਿ ਉਹਨੇ ਇਹ ਇਸ ਲਈ ਲਿਖਿਆ ਹੈ ਤਾਂ ਜੋ ਮਸੀਹੀ ਲੋਕ ਜਾਣ ਲੈਣ ਕਿ ''ਪ੍ਰਮੇਸ਼ਵਰ ਦੇ ਘਰ ਵਿਚ ਜਿਹੜਾ ਜਿਉਂਦੇ ਪ੍ਰਮੇਸ਼ਵਰ ਦੀ ਕਲੀਸੀਆ ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ ਕਿਸ ਪਰਕਾਰ ਵਰਤਣਾ ਚਾਹੀਦਾ ਹੈ'' (1 ਤਿਮੋਥਿਉਸ 3:15)।[11] ਇਸ ਆਇਤ ਵਿਚ ''ਘਰ'' ਸ਼ਬਦ ਦਾ ਅਰਥ ''ਪਰਿਵਾਰ'' ਹੈ।[12] ਮੇਰੇ ਵਿਦਵਾਨ ਦੋਸਤ ਹਿਯੂਗੋ ਮੇਕੌਰਡ ਨੇ ਇਸ ਆਇਤ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ: ''ਕਿ ਤੁਸੀਂ ਜਾਣ ਲਵੋ ਕਿ ਤੁਹਾਨੂੰ ਪ੍ਰਮੇਸ਼ਵਰ ਦੇ ਪਰਿਵਾਰ ਵਿਚ ਕਿਵੇਂ ਵਰਤਣਾ ਚਾਹੀਦਾ ਹੈ।''

ਕਲੀਸੀਆ = ਪਰਿਵਾਰ

ਇਸ ਰੂਹਾਨੀ ਪਰਿਵਾਰ ਵਿਚ, ਪ੍ਰਮੇਸ਼ਵਰ ਪਿਤਾ ਹੈ (ਮੱਤੀ 6:9), ਯਿਸੂ ਵੱਡਾ ਭਾਈ ਹੈ (ਇਬਰਾਨੀਆਂ 2:11, 12) ਅਤੇ ਮਸੀਹੀ ਲੋਕ ਭਾਈ-ਭੈਣਾਂ ਹਨ (ਯਾਕੂਬ 2:15)। ਮੇਰਾ ਦੁਨਿਆਵੀ ਪਰਿਵਾਰ ਮੇਰੇ ਲਈ ਬਹੁਤ ਅਹਿਮ ਹੈ, ਪਰ ਖ਼ੁਦਾ ਦਾ ਰੂਹਾਨੀ ਪਰਿਵਾਰ ਉਸ ਨਾਲੋਂ ਵੀ ਅਹਿਮ ਹੈ।

''ਕਲੀਸੀਆ,'' ''ਦੇਹ,'' ''ਰਾਜ,'' ਅਤੇ ''ਪਰਿਵਾਰ'' ਸਮਾਨਾਰਥਕ ਸ਼ਬਦ ਨਹੀਂ ਬਲਕਿ ਲੋਕਾਂ ਦੇ ਇੱਕੋ ਸਮੂਹ ਨੂੰ ਵੱਖੋ ਵੱਖ ਚਾਰ ਤਰ੍ਹਾਂ ਨਾਲ ਵੇਖਣ ਦਾ ਢੰਗ ਹਨ। ਮੈਂ ਇਕ ਉਦਾਹਰਣ ਦੇ ਕੇ ਸਮਝਾਉਂਦਾ ਹਾਂ: ਮੈਂ ਕਿਸੇ ਦਾ ਪਿਤਾ, ਪਤੀ, ਪੁੱਤਰ, ਅਤੇ ਕਿਸੇ ਦਾ ਭਰਾ ਹਾਂ। ''ਪਿਤਾ,'' ''ਪਤੀ,'' ''ਪੁੱਤਰ,'' ਅਤੇ ''ਭਰਾ'' ਸਮਾਨਾਰਥਕ ਸ਼ਬਦ ਨਹੀਂ ਹਨ, ਪਰ ਉਹ ਸਭ ਮੇਰੇ ਲਈ ਹਨ। ਉਨ੍ਹਾਂ ਤੋਂ ਉਨ੍ਹਾਂ ਦੇ ਵੱਖੋ ਵੱਖ ਸਬੰਧਾਂ ਦਾ ਪਤਾ ਲਗਦਾ ਹੈ ਜਿਨ੍ਹਾਂ

ਨੂੰ ਮੈਂ ਮਾਣਦਾ ਹਾਂ। ਇਸੇ ਤਰ੍ਹਾਂ, ਕਲੀਸੀਆ ਨੂੰ ਸੰਬੋਧਨ ਕਰਨ ਲਈ ਚਾਰ ਸ਼ਬਦਾਂ ਦੀ ਵਰਤੋਂ ਤੋਂ ਵੱਖੋ ਵੱਖ ਰੂਹਾਨੀ ਸਬੰਧਾਂ ਦੀ ਗੱਲ ਪਤਾ ਲਗਦੀ ਹੈ:

- ਸੰਸਾਰ ਨਾਲ ਸਬੰਧ ਵਿਚ ਮਸੀਹੀ ਲੋਕ ਕਲੀਸੀਆ ਹਨ, ਜਿਨ੍ਹਾਂ ਨੂੰ ਸੰਸਾਰ ਵਿੱਚੋਂ ਯਿਸੂ ਵਿਚ ਸੱਦਿਆ ਗਿਆ ਹੈ।
- ਇਕ-ਦੂਜੇ ਨਾਲ ਸਬੰਧ ਵਿਚ ਕਲੀਸੀਆ ਇਕ ਦੇਹ ਹੈ: ਮੈਂਬਰਾਂ ਵਾਸਤੇ ਮਿਲਜੁਲ ਕੇ ਇਕ ਦੂਜੇ ਦੀ ਸੰਭਾਲ ਲਈ ਕੰਮ ਕਰਨਾ ਜ਼ਰੂਰੀ ਹੈ।
- ਯਿਸੂ ਦੇ ਸਬੰਧ ਵਿਚ ਕਲੀਸੀਆ ਦੇ ਲੋਕ ਉਸ ਦਾ ਰਾਜ ਹਨ, ਜਿਨ੍ਹਾਂ ਨੇ ਆਪਣੇ ਮਨ ਅਤੇ ਆਪਣੇ ਜੀਵਨ ਉਹ ਨੂੰ ਸੌਂਪ ਦਿੱਤੇ ਹਨ।
- ਪ੍ਰਮੇਸ਼ਵਰ ਦੇ ਸਬੰਧ ਵਿਚ, ਮਸੀਹੀ ਲੋਕ ਉਸ ਦਾ ਪਰਿਵਾਰ ਅਰਥਾਤ ਉਸਦੀ ਪਿਆਰੀ ਸੰਤਾਨ ਹਨ।

## ਸਾਰ

ਜੋ ਕੁਝ ਅਸੀਂ ਅਧਿਐਨ ਕੀਤਾ ਹੈ, ਉਸ ਤੋਂ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਪ੍ਰਭੂ ਦੀ ਕਲੀਸੀਆ ਦਾ ਭਾਗ ਬਣਨਾ ਕਿੰਨਾ ਅਹਿਮ ਹੈ। ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ ਤਾਂ ਸਾਡੇ ਲਈ ਪ੍ਰਭੂ ਦੀ ਕਲੀਸੀਆ ਦਾ ਮੈਂਬਰ ਹੋਣਾ *ਲਾਜ਼ਮੀ* ਹੈ। ਫਿਰ ਅਹਿਮ ਸਵਾਲ ਇਹ ਹੈ ਕਿ ''*ਕੀ* ਤੁਸੀਂ ਉਸ ਦੀ ਕਲੀਸੀਆ ਦੇ ਮੈਂਬਰ ਹੋ?''

---

ਟਿੱਪਣੀਆਂ

[1]ਇਹਦੀ ਵਰਤੋਂ ਰਸੂਲਾਂ ਦੇ ਕੰਮ 19:30, 32, 33, 39, 41 ਵਿਚ ਇਸ ਅਰਥ ਵਿਚ ਕੀਤੀ ਗਈ ਹੈ। [2]ਸਾਨੂੰ ਖੁਸ਼ਖ਼ਬਰੀ ਦੇ ਰਾਹੀਂ ਬੁਲਾਇਆ ਗਿਆ ਹੈ (2 ਥੱਸਲੁਨੀਕੀਆਂ 2:14), ਅਤੇ ਸਾਡੇ ਲਈ ਉਸ ਬੁਲਾਹਟ ਦਾ ਜਵਾਬ ਆਪਣੇ ਵਿਸ਼ਵਾਸ ਅਤੇ ਆਗਿਆਕਾਰਿਤਾ ਦੇ ਰਾਹੀਂ ਦੇਣਾ ਜ਼ਰੂਰੀ ਹੈ। [3]ਅਫ਼ਸੀਆਂ 4:4 ਕਹਿੰਦਾ ਹੈ ਕਿ ''ਇੱਕੋ ਦੇਹ'' ਹੈ; ਜਿਵੇਂ ਅੱਗੇ ਅਧਿਐਨ ਵਿਚ ਅਸੀਂ ਵੇਖਾਂਗੇ ਕਿ ਉਹ ਦੇਹ ਕਲੀਸੀਆ ਹੈ (ਅਫ਼ਸੀਆਂ 1:22, 23)। [4]ਭਾਵੇਂ ਨਵੇਂ ਨੇਮ ਦੀਆਂ ਪੱਤਰੀਆਂ ਪੂਰੀ ਕਲੀਸੀਆ ਲਈ ਹਨ, ਪਰ ਉਹ ਲਿਖੀਆਂ ਸਥਾਨਕ ਮੰਡਲੀਆਂ ਦੇ ਨਾਂ ਹੀ ਗਈਆਂ। ਸਥਾਨਕ ਮੰਡਲੀਆਂ ਵਿਸ਼ਵ-ਵਿਆਪੀ ਕਲੀਸੀਆ ਨੂੰ ਦਰਸਾਉਂਦੀਆਂ ਹਨ। [5]ਬਾਈਬਲ ਮੁਤਾਬਕ ''ਚਰਚ ਜਾ ਰਿਹਾ'' ਵਾਕਾਂਸ਼ ਦੀ ਇੱਕੋ ਵਰਤੋਂ ਹੈ ਅਤੇ ਇਹਦਾ ਮਤਲਬ ਹੈ ਕਿ ਖ਼ੁਦਾ ਦੀ ਬੰਦਗੀ ਲਈ ਸੰਤਾਂ ਦੀ ਸਭਾ ਵਿਚ ਜਾਣਾ। [6]ਗਿਰਜਾ ਘਰ (ਚਰਚ ਬਿਲਡਿੰਗ) ਕਲੀਸੀਆ ਦੇ ਕੰਮ ਨੂੰ ਪੂਰਾ ਕਰਨ ਲਈ ਮਦਦਗਾਰ ਹਥਿਆਰ ਹੋ ਸਕਦਾ ਹੈ, ਪਰ ਗਿਰਜਾ, ਚਰਚ ਜਾਂ ਕਲੀਸੀਆ ਨਹੀਂ ਹੋ ਸਕਦਾ। [7]ਇਸ ਕਿਤਾਬ ਵਿਚ ਰਸੂਲਾਂ ਦੇ ਕੰਮ 2:38, 41 ਅਤੇ 47 ਤੇ ਟਿੱਪਣੀਆਂ ਵੇਖੋ। [8]ਇਹ ਪ੍ਰਮੇਸ਼ਵਰ ਪੁੱਤਰ ਹੈ। ਯਿਸੂ ਹੀ ਸੀ ਜਿਸ ਨੇ ਕਲੀਸੀਆ ਨੂੰ ''ਆਪਣੇ ਹੀ ਲਹੂ ਨਾਲ'' ਖ਼ਰੀਦਿਆ ਸੀ। [9]ਰਾਜ ਬਾਰੇ ਯਿਸੂ ਦੇ ਦ੍ਰਿਸ਼ਟਾਂਤਾਂ ਵਿਚ ਰਾਜ/ਕਲੀਸੀਆ ਦੀ ਤੁਲਨਾ ਇਕ ਖੇਤ, ਅੰਗੂਰੀ ਬਾਗ ਅਤੇ ਹੋਰ ਜਾਣੀਆਂ ਪਛਾਣੀਆਂ ਚੀਜ਼ਾਂ ਨਾਲ ਕੀਤੀ ਗਈ ਹੈ। ਇਸ ਤਰ੍ਹਾਂ ਸ਼ਬਦਾਂ ਨੂੰ ਵਧਾਇਆ ਜਾ ਸਕਦਾ ਹੈ। [10]ਪਤਰਸ ਨੂੰ ''ਸਵਰਗ ਦੇ ਰਾਜ ਦੀਆਂ ਕੁੰਜੀਆਂ'' ਦੇਣ ਦੇ ਵਾਅਦੇ ਤੋਂ ਭਾਵ ਇਹ ਨਹੀਂ ਸੀ ਕਿ ਪਤਰਸ ਦੂਜੇ ਰਸੂਲਾਂ ਨਾਲੋਂ ਜ਼ਿਆਦਾ ਅਹਿਮ ਹੋ ਜਾਵੇਗਾ, ਸਗੋਂ ਸਭ ਤੋਂ ਪਹਿਲਾਂ ਇਹ ਮੰਨਣ ਦੇ ਇਨਾਮ ਵਿਚ ਕਿ ਯਿਸੂ ਕੌਣ ਸੀ, ਪਤਰਸ ਨੇ ਪਹਿਲਾ ਆਦਮੀ ਅਖਵਾਉਣਾ ਸੀ ਜਿਸ ਨੇ ਲੋਕਾਂ ਨੂੰ ਦੱਸਣਾ ਸੀ ਕਿ ਉਹ ਆਪਣੇ ਪਾਪਾਂ ਦੀ ਮਾਫ਼ੀ ਕਿਵੇਂ ਪਾ ਸਕਦੇ ਹਨ। (ਰਸੂਲਾਂ ਦੇ ਕੰਮ 2:14-41)। ਰਾਜ (ਕਲੀਸੀਆ) ਵਿਚ ਲੋਕਾਂ ਨੂੰ ਸ਼ਾਮਲ ਕਰਨ ਲਈ ''ਕੁੰਜੀਆਂ'' ਦੀ ਵਰਤੋਂ ਕਰਨ ਵਾਲਾ ਪਹਿਲਾ ਬੰਦਾ

ਪਤਰਸ ਹੀ ਸੀ, ਪਰ ਉਹ ਇਕੱਲਾ ਨਹੀਂ ਸੀ। (ਉਦਾਹਰਣ ਲਈ ਵੇਖੋ, ਰਸੂਲਾਂ ਦੇ ਕੰਮ 22:16.)

[11]ਪ੍ਰਮੇਸ਼ਵਰ ਦੇ ਘਰ ਬਾਰੇ ਹੋਰ ਆਇਤਾਂ ਅਫ਼ਸੀਆਂ 2:19 ਅਤੇ 1 ਪਤਰਸ 4:17 ਹਨ। [12]ਇਕ ਐਲਡਰ ਦੇ ਘਰ (ਉਹਦੇ ਪਰਿਵਾਰ) ਅਤੇ ਪ੍ਰਮੇਸ਼ਵਰ ਦੇ ਘਰ (ਪ੍ਰਮੇਸ਼ਵਰ ਦੇ ਪਰਿਵਾਰ, ਕਲੀਸੀਆ) ਵਿਚ ਤੁਲਨਾ ਕੀਤੀ ਗਈ ਹੈ। (ਵੇਖੋ 1 ਤਿਮੋਥਿਉਸ 3:4, 5, 15)।